Alberta

ਨੀਊਜ਼ ਰੀਲੀਜ਼

# ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ ਨਰਸਾਂ ਦਾ ਸਮਰਥਨ ਕਰਨਾ

13 ਫਰਵਰੀ, 2023 ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਨਰਸ ਬ੍ਰਿਜਿੰਗ ਪ੍ਰੋਗਰਾਮਾਂ ਲਈ 600 ਤੋਂ ਵੱਧ ਨਵੀਆਂ ਸੀਟਾਂ ਬਣਾ ਰਹੀ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ ਨਰਸਾਂ ਲਈ ਇੱਕ ਨਵੀਂ ਵਿੱਤੀ ਮਦਦ ਵਿੱਚ ਨਿਵੇਸ਼ ਕਰ ਰਹੀ ਹੈ।

ਅਲਬਰਟਾ ਵਿੱਚ ਵਿਸ਼ਵ ਵਿੱਚ ਸਭ ਤੋਂ ਵਧੀਆ ਫਰੰਟ-ਲਾਈਨ ਹੈਲਥ-ਕੇਅਰ ਵਰਕਰ ਹਨ। ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਨੂੰ ਲੋੜੀਂਦੀ ਦੇਖਭਾਲ, ਕਦੋਂ ਅਤੇ ਕਿੱਥੇ ਇਸਦੀ ਲੋੜ ਹੈ, ਲਈ ਸਹੀ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰੇਗੀ। ਬਜਟ 2023 ਰਾਹੀਂ, ਅਲਬਰਟਾ ਦੀ ਸਰਕਾਰ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਨੂੰ ਸਿਖਲਾਈ ਦੇਣ ਅਤੇ ਉਹਨਾਂ ਦੀ ਸਹਾਇਤਾ ਕਰਨ ਲਈ $15 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰੇਗੀ। ਇਹ ਯਕੀਨੀ ਬਣਾਏਗਾ ਕਿ ਅਲਬਰਟਾ ਦੀ ਸਿਹਤ-ਸੰਭਾਲ ਪ੍ਰਣਾਲੀ ਹੁਣ ਅਤੇ ਭਵਿੱਖ ਵਿੱਚ ਮਜ਼ਬੂਤ ਰਹੇ।

## ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ ਗਈਆਂ ਨਰਸਾਂ ਲਈ ਵਿੱਤੀ ਮਦਦ

ਬਜਟ 2023 ਦੇ ਤਹਿਤ, ਅਲਬਰਟਾ ਦੀ ਸਰਕਾਰ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਲਈ ਗੈਰ-ਮੁੜਨਯੋਗ ਵਿੱਤੀ ਸਹਾਇਤਾ ਲਈ ਫੰਡ ਦੇਣ ਲਈ ਸਾਲਾਨਾ $7.8 ਮਿਲੀਅਨ ਦਾ ਨਿਵੇਸ਼ ਕਰੇਗੀ। ਇਹ ਪਿਛਲੀ ਪਤਝੜ ਦੇ $1.25-ਮਿਲੀਅਨ ਫੰਡਿੰਗ ਘੋਸ਼ਣਾ 'ਤੇ ਅਧਾਰਤ ਹੈ ਜਿਸ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸਾਂ ਲਈ ਨਵੀਂ ਵਿੱਤੀ ਸਹਾਇਤਾ ਲਈ ਫੰਡ ਦੇਣ ਲਈ ਗੱਲ ਕੀਤੀ ਗਈ ਸੀ।

ਯੋਗ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹੀਆਂ-ਲਿਖੀਆਂ ਨਰਸਾਂ ਨਰਸਿੰਗ ਬ੍ਰਿਜਿੰਗ ਪ੍ਰੋਗਰਾਮਾਂ, ਟਿਊਸ਼ਨ ਅਤੇ ਰਹਿਣ-ਸਹਿਣ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਪੰਜ ਸਾਲਾਂ ਵਿੱਚ $30,000 ਤੱਕ ਪ੍ਰਾਪਤ ਕਰਨ ਦੇ ਯੋਗ ਹੋਣਗੀਆਂ। ਵਿੱਤੀ ਮਦਦ 2023-24 ਅਕਾਦਮਿਕ ਸਾਲ ਵਿੱਚ ਉਪਲਬਧ ਹੋਵੇਗੀ।

ਵਿੱਤੀ ਮਦਦ ਪ੍ਰਾਪਤਕਰਤਾਵਾਂ ਨੂੰ ਹਰ $6,000 ਪ੍ਰਾਪਤ ਕਰਨ ਬਦਲੇ ਅਲਬਰਟਾ ਵਿੱਚ ਨਰਸਿੰਗ ਸੇਵਾ ਦਾ ਇੱਕ ਸਾਲ ਪੂਰਾ ਕਰਨਾ ਲੋੜੀਂਦਾ ਹੋਵੇਗਾ। ਇਹ ਅਲਬਰਟਾ ਵਿੱਚ ਵਧੇਰੇ ਨਰਸਾਂ ਵੱਲੋਂ ਕਰੀਅਰ ਦੀ ਸ਼ੁਰੂਆਤ ਕਰਨ ਕਰਕੇ ਇਹ ਇੱਥੋਂ ਦੇ ਮਰੀਜ਼ਾਂ ਅਤੇ ਕਮਿਊਨਿਟੀਜ਼ ਨੂੰ ਪ੍ਰਾਂਤ ਵਿੱਚ ਬਿਹਤਰ ਸਿਹਤ ਸੇਵਾਵਾਂ ਯਕੀਨੀ ਬਣਾਏਗਾ। ਇੱਕ ਤੀਜੀ ਧਿਰ ਪ੍ਰੋਗਰਾਮ ਦੀ ਨਿਗਰਾਨੀ ਕਰੇਗੀ ਅਤੇ ਅਲਬਰਟਾ ਸਟੂਡੈਂਟ ਏਡ ਦੀ ਤਰਫੋਂ ਸਹਾਇਤਾ ਵੰਡੇਗੀ।

ਅਲਬਰਟਾ ਵਿੱਚ ਰਹਿਣ ਵਾਲਾ ਕੋਈ ਵੀ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹਿਆ-ਲਿਖਿਆ ਨਰਸ ਸਿੱਖਿਅਕ, ਜਿਸਨੇ ਸਫਲਤਾਪੂਰਵਕ ਇੱਕ ਪ੍ਰਵਾਨਿਤ ਬ੍ਰਿਜਿੰਗ ਪ੍ਰੋਗਰਾਮ ਵਿੱਚ ਦਾਖਲਾ ਲਿਆ ਹੈ, ਕਿਸੇ ਹੋਰ ਰਾਸ਼ਟਰੀ ਜਾਂ ਸੂਬਾਈ

ਵਿਦਿਆਰਥੀ ਸਹਾਇਤਾ ਲਈ ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਵਿੱਤੀ ਮਦਦ ਲਈ ਯੋਗ ਹੋਵੇਗਾ। ਹਰੇਕ ਯੋਗ ਵਿੱਤੀ ਮਦਦ ਦੀ ਮਾਤਰਾ ਵਿਅਕਤੀਗਤ ਦੇ ਅਧਿਐਨ, ਟਿਊਸ਼ਨ ਲਾਗਤਾਂ, ਲਾਇਸੈਂਸਿੰਗ ਅਤੇ ਪ੍ਰੋਗਰਾਮ ਫੀਸਾਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਵੇਗੀ, ਜਿਸ ਵਿੱਚ ਘੱਟੋ-ਘੱਟ $8,000 ਦਿੱਤੇ ਗਏ ਹਨ।

ਇਹ ਅਲਬਰਟਾ ਅਤੇ ਫਿਲੀਪੀਨਜ਼ ਦੀਆਂ ਸਰਕਾਰਾਂ ਦਰਮਿਆਨ ਨਰਸਾਂ ਨੂੰ ਅਲਬਰਟਾ ਵੱਲ ਆਕਰਸ਼ਿਤ ਕਰਨ ਅਤੇ ਉਨ੍ਹਾਂ ਨੂੰ ਸੂਬੇ ਵਿੱਚ ਰੱਖਣ ਲਈ ਹਾਲ ਹੀ ਵਿੱਚ ਹੋਏ ਇੱਕ ਸਮਝੌਤਿਆਂ ਵਿੱਚੋਂ ਇੱਕ ਸਮਝੌਤੇ ਨੂੰ ਪੂਰਾ ਕਰਦਾ ਹੈ।

## ਅਲਬਰਟਾ ਦੇ ਨਰਸ ਬ੍ਰਿਜਿੰਗ ਪ੍ਰੋਗਰਾਮਾਂ ਵਿੱਚ 600 ਨਵੀਆਂ ਸੀਟਾਂ

2023-24 ਅਕਾਦਮਿਕ ਸਾਲ ਤੋਂ ਸ਼ੁਰੂ ਹੋਣ ਵਾਲੇ ਰਜਿਸਟਰਡ ਨਰਸ ਅਤੇ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਬ੍ਰਿਜਿੰਗ ਅਤੇ ਲਾਇਸੈਂਸਿੰਗ ਪ੍ਰੋਗਰਾਮਾਂ ਲਈ 600 ਤੋਂ ਵੱਧ ਨਵੀਆਂ ਸੀਟਾਂ ਬਣਾਉਣ ਲਈ ਤਿੰਨ ਸਾਲਾਂ ਵਿੱਚ ਵਾਧੂ $7.3 ਮਿਲੀਅਨ ਦਾ ਨਿਵੇਸ਼ ਕੀਤਾ ਜਾਵੇਗਾ।

ਇਹ ਨਿਵੇਸ਼ ਮਾਊਂਟ ਰਾਇਲ ਯੂਨੀਵਰਸਿਟੀ ਵਿਖੇ ਰਜਿਸਟਰਡ ਨਰਸ ਬ੍ਰਿਜਿੰਗ ਪ੍ਰੋਗਰਾਮ ਲਈ 256 ਨਵੀਆਂ ਸੀਟਾਂ ਪੈਦਾ ਕਰੇਗਾ। ਇਹ ਬੋ ਵੈਲੀ ਕਾਲਜ ਵਿੱਚ 120 ਨਵੀਆਂ ਸੀਟਾਂ ਅਤੇ ਨੌਰਕੁਏਸਟ ਕਾਲਜ ਵਿੱਚ 250 ਨਵੀਆਂ ਸੀਟਾਂ ਨੂੰ ਉਹਨਾਂ ਦੇ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਬ੍ਰਿਜਿੰਗ ਪ੍ਰੋਗਰਾਮਾਂ ਲਈ ਫੰਡ ਵੀ ਦੇਵੇਗਾ।

## ਸੰਬੰਧਿਤ ਜਾਣਕਾਰੀ

• ਵਿਦੇਸ਼ਾਂ ਵਿੱਚ ਪੜ੍ਹ ਰਹੇ ਅਲਬਰਟਨ ਅਤੇ ਅੰਤਰਰਾਸ਼ਟਰੀ ਵਿਦਿਆਰਥੀ

• ਅਲਬਰਟਾ 2030: ਨੌਕਰੀਆਂ ਲਈ ਹੁਨਰਮੰਦ ਬਣਾਉਣਾ

• ਹੈਲਥਕੇਅਰ ਐਕਸ਼ਨ ਪਲਾਨ

## ਮਲਟੀਮੀਡੀਆ

• ਨਿਊਜ਼ ਕਾਨਫਰੰਸ ਦੇਖੋ